# ਦਫਤਰ ਨਗਰ ਕੌਂਸਲ, ਫਰੀਦਕੋਟ (ਜਿਲ੍ਹਾ - ਫਰੀਦਕੋਟ)

## ਪਬਲਿਕ ਨੋਟਿਸ

ਨਗਰ ਕੌਂਸਲ, ਫਰੀਦਕੋਟ ਵਲੋਂ ਸਰਕਾਰ ਵਲੋਂ ਸਮੇਂ-2 ਨਿਰਧਾਰਿਤ ਰੈਗੂਲਰ ਤਨਖਾਹ ਸਕੇਲ ਦੀਆਂ ਆਸਾਮੀਆਂ ਵਿਰੁੱਧ ਡਿਪਟੀ ਕਮਿਸ਼ਨਰ ਵਲੋਂ ਸਮੇਂ-2 ਨਿਰਧਾਰਿਤ ਲੇਬਰ ਰੇਟਾਂ ਦੀ ਅਦਾਇਗੀ ਤੇ ਠੇਕਾ ਆਧਾਰ ਤੇ 500 ਸਫਾਈ ਸੇਵਕਾਂ ਅਤੇ 16 ਸੀਵਰਮੈਨਾਂ ਦੀਆਂ ਦੀ ਨਿਯੁਕਤੀ ਕੀਤੀ ਜਾਣੀ ਹੈ। ਇਸ ਲਈ ਪੰਜਾਬ ਦੇ ਵਸਨੀਕ ਚਾਹਵਾਨ ਉਮੀਦਵਾਰਾਂ ਤੋਂ ਮਿਤੀ 12.08.2021 ਤੱਕ ਹੇਠ ਲਿਖੇ ਪ੍ਰੋਫਾਰਮੇ ਵਿਚ ਬਿਨੈ ਪੱਤਰਾਂ (ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦੀ ਮੰਗ ਕੀਤੀ ਜਾਂਦੀ ਹੈ। ਚਾਹਵਾਨ ਉਮੀਦਵਾਰ ਮਿਤੀ 12.08.2021 ਤੱਕ ਰਜਿਸਟਰਡ ਡਾਕ ਰਾਹੀਂ ਜਾਂ ਦਸਤੀ ਤੋਰ ਤੇ ਬਿਨੈ ਪੱਤਰ (ਸਮੇਤ ਦਸਤਾਵੇਜ਼ਾਂ ਦੀਆਂ ਕਾਪੀਆਂ) ਦਫਤਰ ਨਗਰ ਕੌਂਸਲ, ਫਰੀਦਕੋਟ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ ਪੱਤਰਾਂ ਤੇ ਗੌਰ ਨਹੀਂ ਕੀਤਾ ਜਾਵੇਗਾ। ਚਾਹਵਾਨ ਉਮੀਦਵਾਰ ਵਲੋਂ ਬਿਨੈ ਪੱਤਰ ਵਿਚ ਦਰਜ ਦਸਤਾਵੇਜ਼ਾਂ ਦੀਆਂ ਸਵੈ ਤਸਦੀਕ ਕਾਪੀਆਂ ਨਾਲ ਨੱਥੀ ਕੀਤੀਆਂ ਜਾਣ। ਇਸ ਤੋਂ ਇਲਾਵਾ ਚਾਹਵਾਨ ਉਮੀਦਵਾਰ ਵਿਰੁੱਧ ਕੋਈ ਵੀ ਫੌਜਦਾਰੀ ਕੇਸ ਨਾਂ ਚੱਲ ਰਹੇ ਹੋਣ ਸੰਬਧੀ ਸਵੈ-ਘੋਸ਼ਣਾਂ ਵੀ ਨਾਲ ਨੱਥੀ ਕੀਤੀ ਜਾਵੇ।

ਚਾਹਵਾਨ ਉਮੀਦਵਾਰ ਦੀ ਉਮਰ ਮਿਤੀ 01.01.2021 ਨੂੰ 18 ਸਾਲ ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਇਨ੍ਹਾਂ ਨਿਯੁਕਤੀਆਂ ਵਿਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਿਜ਼ਰਵੇਸ਼ਨ ਪਾਲਿਸੀ ਲਾਗੂ ਕੀਤੀ ਜਾਵੇਗੀ ਅਤੇ ਉਮਰ ਵਿਚ ਬਣਦੀ ਛੋਟ ਦਿੱਤੀ ਜਾਵੇਗੀ। ਸਫਾਈ ਕਰਮਚਾਰੀਆਂ ਅਤੇ ਸੀਵਰਮੈਨਾਂ ਦੀ ਭਰਤੀ ਪੰਜਾਬ ਮਿਉਂਸਪਲ ਸਫਾਈ ਕਰਮਚਾਰੀ ਸੇਵਾ ਨਿਯਮ 1984 ਅਧੀਨ ਕੀਤੀ ਜਾਣੀ ਹੈ। ਸਰਕਾਰ ਦੀ ਹਦਾਇਤ ਅਨੁਸਾਰ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੀਆਂ ਨਿਯੁਕਤੀਆਂ ਲਈ ਸਥਾਨਕ ਸਰਕਾਰਾਂ ਵਿਭਾਗ ਵਿਚ ਘੱਟ ਤੋਂ ਘੱਟ 3 ਸਾਲ ਦੇ ਤਜਰਬੇ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਨਿਯੁਕਤੀ ਲਈ ਘੱਟੋ ਘੱਟ ਉਮਰ ਵਿਚ, ਉਮੀਦਵਾਰ ਦੇ ਤਜਰਬੇ ਦੇ ਬਰਾਬਰ, ਛੋਟ ਦਿੱਤੀ ਜਾਵੇਗੀ। ਉਮੀਦਵਾਰ ਫਿਜੀਕਲੀ ਫਿੱਟ ਹੋਣਾ ਚਾਹੀਦਾ ਹੈ।

ਨਗਰ ਕੌਂਸਲ, ਫਰੀਦਕੋਟ ਵਲੋਂ ਨਿਯੁਕਤ ਕੀਤੇ ਜਾ ਰਹੇ ਸਫਾਈ ਸੇਵਕ/ਸੀਵਰਮੈਨ ਤੋਂ ਸਫਾਈ ਦੇ ਕੰਮ, ਨਾਲੇ-ਨਾਲੀਆਂ ਦੀ ਸਫਾਈ, ਕੂੜਾ ਲਿਫਟਿੰਗ, ਸੋਲਿਡ ਵੇਸਟ ਦੇਖਭਾਲ ਦੇ ਕੰਮ ਅਤੇ ਮਾਲੀ/ਬੇਲਦਾਰ/ਕੁਲੀ ਦੀ ਕੰਮ ਲਿਆ ਜਾ ਸਕਦਾ ਹੈ।

### ਸਫਾਈ ਸੇਵਕ/ਸੀਵਰਮੈਨ ਦੀ ਆਸਾਮੀ ਲਈ ਬਿਨੈ ਪੱਤਰ ਲਈ ਪ੍ਰੋਫਾਰਮਾ

ਸਵੈ ਤਸਦੀਕ 2 ਫੋਟੋਆਂ ਨੱਥੀ ਕੀਤੀਆਂ ਜਾਣ।

| | | |
|---|---|---|
| 1 | ਆਸਾਮੀ ਦਾ ਨਾਮ | |
| 2 | ਉਮੀਦਵਾਰ ਦਾ ਨਾਮ | |
| 3 | ਪਿਤਾ/ਪਤੀ ਦਾ ਨਾਮ | |
| 4 | ਮਿਤੀ 01.01.2021 ਨੂੰ ਉਮਰ (ਸਬੂਤ ਨੱਥੀ ਕਰੋ)<br>ਅਨਪੜ੍ਹ ਹੋਣ ਦੀ ਸੂਰਤ ਵਿਚ ਜਨਮ ਮਿਤੀ ਸੰਬਧੀ ਹਲਫੀਆ ਬਿਆਨ ਨੱਥੀ ਕਰੋ। | |
| 5 | ਘਰ ਦਾ ਪੱਕਾ ਪਤਾ | |
| 6 | ਪੱਤਰ ਵਿਵਹਾਰ ਲਈ ਪਤਾ | |
| 7 | ਟੈਲੀਫੋਨ ਨੰਬਰ/ਮੋਬਾਇਲ ਨੰਬਰ | |
| 8 | ਪੰਜਾਬ ਰੈਜੀਡੈਂਸ ਹੋਣ ਸੰਬਧੀ ਪੰਜਾਬ ਰੈਜ਼ੀਡੈਂਸ ਸਰਟੀਫਿਕੇਟ/ਆਧਾਰ ਕਾਰਡ/ਵੋਟਰ ਕਾਰਡ ਜਾਂ ਹੋਰ ਸਰਕਾਰੀ ਦਸਤਾਵੇਜ ਦੀ ਸਵੈ ਤਸਦੀਕ ਕਾਪੀ | |
| 9 | ਕੈਟਾਗਿਰੀ (ਰਿਜ਼ਰਵੇਸ਼ਨ ਲਈ ਸੰਬਧਤ ਕੈਟਾਗਰੀ ਦੇ ਸਰਟੀਫਿਕੇਟ ਦੀ ਸਵੈ ਤਸਦੀਕ ਕਾਪੀ) | |
| 10 | ਵਿਦਿੱਅਕ ਯੋਗਤਾ | |

| ਪਾਸ ਪ੍ਰੀਖਿਆ ਦਾ ਨਾਮ | ਬੋਰਡ/ ਯੂਨੀਵਰਸਿਟੀ | ਪ੍ਰੀਖਿਆ ਪਾਸ ਕਰਨ ਦਾ ਸਾਲ | ਕੁੱਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾਂ ਦੀ ਪ੍ਰਤੀਸ਼ਤ (%) |
|---|---|---|---|---|---|
| | | | | | |

| | | |
|---|---|---|
| 10 | ਕਿ ਪੰਜਾਬੀ ਪੜ-ਲਿਖ ਸਕਦਾ ਹੈ? (ਹਾਂ/ਨਹੀਂ) | |
| 11 | ਤਜ਼ਰਬੇ ਸੰਬਧੀ ਵੇਰਵਾ:-<br>1. ਕਿਸੇ ਸਰਕਾਰੀ ਜਾਂ ਅਰਧ ਸਰਕਾਰੀ ਵਿਭਾਗ ਵਿਚ ਸਫਾਈ ਸੇਵਕ/ਸੀਵਰਮੈਨ ਦੇ ਤਜਰਬੇ ਦੇ ਸਰਟੀਫਿਕੇਟ ਦੀ ਸਵੈ ਤਸਦੀਕ ਕਾਪੀ<br>2. ਈ.ਪੀ.ਐਫ. ਨੰਬਰ (ਜੇਕਰ ਹੈ ਤਾਂ)<br>3. ਸੈਲਰੀ ਅਕਾਊਂਟ (ਬੈਂਕ ਡਿਟੇਲ) | |
| 12 | ਫੌਜਦਾਰੀ ਕੇਸ ਨਾ ਚਲੱਣ ਸੰਬਧੀ ਸਵੈ ਘੋਸ਼ਣਾ ਨੱਥੀ ਕਰੋ | |

ਮੈਂ ____________ ਪੁੱਤਰ/ਪੁੱਤਰੀ/ਪਤਨੀ ______________, ਉਮਰ __________, ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਪੰਜਾਬ ਦਾ ਪੱਕਾ ਵਸਨੀਕ ਹੈ। ਮੇਰੇ ਖਿਲਾਫ ਕੋਈ ਵੀ ਫੋਜਦਾਰੀ ਕੇਸ ਨਹੀਂ ਚੱਲ ਰਿਹਾ। ਮੇਰੀ ਜਾਣਕਾਰੀ ਅਨੁਸਾਰ ਉਕਤ ਸੂਚਨਾਂ ਅਤੇ ਨੱਥੀ ਦਸਤਾਵੇਜ ਠੀਕ ਅਤੇ ਸਹੀ ਹਨ। ਇਨ੍ਹਾਂ ਵਿਚ ਮੈਂ ਕੋਈ ਤੱਥ ਲੁਕਾਇਆ ਨਹੀਂ ਹੈ। ਜੇਕਰ ਮੇਰੇ ਵਲੋਂ ਦਿੱਤੀ ਗਈ ਸੁਚਨਾਂ ਕਿਸੇ ਸਮੇਂ ਵੀ ਗਲਤ ਪਾਈ ਗਈ ਤਾਂ ਸਮਰੱਥ ਅਥਾਰਟੀ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਖੁੱਲ ਹੋਵੇਗੀ।

ਨੱਥੀ:- ਉਕਤ ਅਨੁਸਾਰ ਦਸਤਾਵੇਜ

ਮਿਤੀ:- ____________

ਸਥਾਨ:- ____________

ਉਮੀਦਵਾਰ ਦੇ ਹਸਤਾਖਰ

ਪ੍ਰਧਾਨ, ਸਿਲੈਕਸ਼ਨ ਕਮੇਟੀ-ਕਮ-
ਪ੍ਰਧਾਨ,
ਨਗਰ ਕੌਂਸਲ, ਫਰੀਦਕੋਟ।

ਮੈਂਬਰ ਸਕੱਤਰ, ਸਿਲੈਕਸ਼ਨ ਕਮੇਟੀ-ਕਮ-
ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਫਰੀਦਕੋਟ।